# ਠੰਡੇ ਬੁਰ੍ਜ ਚ ਬੈਠੀ ਮਾਤਾ

ਠੰਡੇ ਬੁਰਜ 'ਚ ਬੈਠੀ, ਮਾਤਾ ਸ਼ਗਨ ਕਰੇ, ਸ਼ਗਨ ਕਰੇ,
'ਜ਼ੋਰਾਵਰ, ਫਤਹਿ ਸਿੰਘ, ਘੋੜੀ ਚੜ੍ਹੇ x||' ||

ਨਿੱਕੇ ਨਿੱਕੀਆਂ, ਕਲਗੀਆਂ, ਲਗਾ ਕੇ ਤੁਰੇ* |
ਸੋਹਣੇ, ਗਾਤਰੇ ਤੇ, ਸਿਰੀ ਸਾਹਿਬ, ਸਜਾ ਕੇ ਤੁਰੇ* ||
^ਮੋਤੀ ਰਾਮ ਖੜ੍ਹਾ ਰੋਵੇ, ਤੇਲ ਹੰਝੂਆਂ ਦਾ ਚੋਵੇ ||,
ਗਾਨੇ ਗੁੱਟਾਂ ਤੇ, ਸ਼ਹੀਦੀਆਂ ਦੇ, ਜੱਚਦੇ ਬੜੇ, ਜੱਚਦੇ ਬੜੇ,
'ਜ਼ੋਰਾਵਰ, ਫਤਹਿ ਸਿੰਘ, ਘੋੜੀ ਚੜ੍ਹੇ x||'

ਸਾਨੂੰ ਬਹੁਤੀ ਨਹੀਂਓਂ, ਸ਼ਗਨਾਂ ਦੀ ਲੋੜ ਸੂਬਿਆਂ* |
ਤੂੰ ਤੇ ਛੇਤੀ ਛੇਤੀ, ਡੋਲੀਆਂ ਨੂੰ ਤੋਰ ਸੂਬਿਆਂ* ||
^ਗੰਗੂ ਰਾਮ ਵਿਚੋਲਾ, ਭੈੜਾ ਰੱਖ ਗਿਆ ਓਹਲਾ ||,
ਖੜੇ ਕੰਬ ਗਏ ਜੱਲਾਦ, ਹੱਥੀਂ ਤੇਸੇ ਨੇ ਫੜ੍ਹੇ, ਤੇਸੇ ਨੇ ਫੜ੍ਹੇ,
'ਜ਼ੋਰਾਵਰ, ਫਤਹਿ ਸਿੰਘ, ਘੋੜੀ ਚੜ੍ਹੇ x||'

ਜਿੰਦਾਂ ਕੋਮਲ ਨੇ, ਨੀਹਾਂ 'ਚ ਖਲੋਣ ਲੱਗੀਆਂ* |
ਇੱਟਾਂ ਲਾੜ੍ਹੀ ਦੀ, ਸਹੇਲੀ ਵਾਂਗੂ ਰੋਣ ਲੱਗੀਆਂ* |
^ਸੁੱਚਾ ਨੰਦ ਗਾਰਾ ਪਾਵੇ, ਵਹੁਟੀ ਮੌਤ ਨੂੰ ਸਜਾਵੇ ||,
ਭੈੜਿਆਂ ਜੱਲਾਦਾਂ, ਹੀਰੇ ਕੰਧਾਂ 'ਚ ਜੜ੍ਹੇ, ਕੰਧਾਂ 'ਚ ਜੜ੍ਹੇ,
'ਜ਼ੋਰਾਵਰ, ਫਤਹਿ ਸਿੰਘ, ਘੋੜੀ ਚੜ੍ਹੇ x||' |||

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/30055/title/thande-burj-ch-baithi-mata

अपने Android मोबाइल पर BhajanGanga App डाउनलोड करें और भजनों का आनंद ले |